بِسۡمِ اللّٰہِ الرَّحۡمٰنِ الرَّحِیۡم    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡم    وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੀ ਰੌਸ਼ਨੀ ਵਿੱਚ ਕੁਰਆਨ ਕਰੀਮ ਦੀ ਮਹਾਨਤਾ, ਸਥਾਨ ਅਤੇ ਸ਼ਾਨੇ ਸ਼ੌਕਤ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮਾਅ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 22 ਮਾਰਚ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ اِيَّاكَ نَعْبُدُ وَ اِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ اَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ ●

شَهْرُ رَمَضَانَ الَّذِیٓ أُنزِلَ فِيهِ الْقُرْآنُ هُدًى لِّلنَّاسِ وَبَيِّنَٰتٍ مِّنَ الْهُدَىٰ وَالْفُرْقَانِ فَمَن شَهِدَ مِنكُمُ الشَّهْرَ فَلْيَصُمْهُ وَمَن كَانَ مَرِيضًا أَوْ عَلَىٰ سَفَرٍ فَعِدَّةٌ مِّنْ أَيَّامٍ أُخَرَ يُرِيدُ اللَّهُ بِكُمُ الْيُسْرَ وَلَا يُرِيدُ بِكُمُ الْعُسْرَ وَلِتُكْمِلُوا الْعِدَّةَ وَلِتُكَبِّرُوا اللَّهَ عَلَىٰ مَا هَدَاكُمْ وَلَعَلَّكُمْ تَشْكُرُونَ ●

ਤਸ਼ਹੁੱਦ, ਤਾਉਜ਼, ਸੂਰਤੁੱਲ ਫ਼ਾਤਿਹਾ ਅਤੇ ਸੂਰਤੁੱਲ ਬਕਰਹ ਦੀ ਆਇਤ ਨੰਬਰ 186 ਦੀ ਤਿਲਾਵਤ ਅਤੇ ਅਨੁਵਾਦ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਇਸ ਆਇਤ ਵਿੱਚ ਰੱਬ ਨੇ ਰਮਜ਼ਾਨ ਦੇ ਮਹੀਨੇ ਦੀ ਮਹੱਤਤਾ ਇਸ ਹਵਾਲੇ ਨਾਲ ਬਿਆਨ ਕੀਤੀ ਕਿ ਇਸ ਮਹੀਨੇ ਵਿੱਚ ਕੁਰਆਨ ਨਾਜ਼ਿਲ ਹੋਇਆ। ਜੋ ਮਨੁੱਖਾਂ ਲਈ ਹਦਾਯਤ ਹੈ। ਰੱਬ ਨੇ ਇਸ ਕਿਤਾਬ ਵਿੱਚ ਸਾਰੀਆਂ ਗੱਲ੍ਹਾਂ ਦੱਸ ਕੇ, ਸਾਰੀਆਂ ਹਦਾਯਤਾਂ ਦੇ ਕੇ, ਰੱਬ ਵੱਲ੍ਹ ਵੱਧਣ ਦੀਆਂ ਸਾਰੀਆਂ ਰਾਹਾਂ ਵਿਖਾ ਕੇ, ਸ਼ੈਤਾਨ ਦੀਆਂ ਸਾਰੀਆਂ ਰਾਹਾਂ ਤੋਂ ਹੋਸ਼ਿਆਰ ਕਰਕੇ, ਮੌਜੂਦਾ ਅਤੇ ਅੱਗੇ ਆਉਣ ਵਾਲੇ ਮਾਮਲਿਆਂ ਵੱਲ੍ਹ ਮਾਰਗ ਦਰਸ਼ਨ ਕਰਕੇ, ਉਹਨਾਂ ਦੇ ਖ਼ਤਰੇ ਤੋਂ ਸੂਚਿਤ ਕਰਕੇ, ਉਹਨਾਂ ਤੋਂ ਬਚਣ ਦੀਆਂ ਰਾਹਾਂ ਵਿਖਾ ਕੇ, ਦਵੈਤਵਾਦ ਤੋਂ ਹੋਸ਼ਿਆਰ ਕਰਨ ਅਤੇ ਉਸ ਤੋਂ ਬਚਣ ਦੇ ਤਰੀਕੇ ਸਿਖਾ ਕੇ, ਅਰਥਾਤ ਕਿ ਸਾਰੀਆਂ ਗੱਲ੍ਹਾਂ ਜੋ ਮੌਜੂਦ ਹਨ ਜਾਂ ਪੁਰਾਣੇ ਜ਼ਮਾਨੇ ਵੱਚ ਸਨ ਜਾਂ ਅੱਗੇ ਹੋਣਗੀਆਂ, ਉਹਨਾਂ ਸਾਰੀਆਂ ਨੂੰ ਕੁਰਆਨ ਸ਼ਰੀਫ਼ ਵਿੱਚ ਬਿਆਨ ਕਰਕੇ, ਰੱਬ ਨਾਲ ਨੇੜ੍ਹਤਾ ਵਧਾਉਣ ਅਤੇ ਹਦਾਯਤ ਉੱਤੇ ਕਾਯਮ ਰਹਿਣ ਦੇ ਸਾਰੇ ਰਾਹ, ਇਸ ਅੰਤਿਮ ਸੰਪੂਰਨ ਅਤੇ ਮੁਕੱਮਲ ਸ਼ਰੀਅਤ ਵਿੱਚ ਬਿਆਨ ਕਰ ਦਿੱਤੇ ਹਨ।

ਸੋ, ਉਹ ਖ਼ੁਸ਼-ਕਿਸਮਤ ਹਨ, ਜੋ ਇਸ ਮਹਾਨ ਕਿਤਾਬ ਨੂੰ ਆਪਣਾ ਐਜੰਡਾ ਬਣਾ ਕੇ ਉਸ ਉੱਤੇ ਅਮਲ ਕਰਨ ਅਤੇ ਆਪਣੀ ਦੁਨੀਆਂ ਅਤੇ ਅੰਤ ਸੰਵਾਰਣ ਅਤੇ ਸੱਚਾਈ ਉੱਤੇ ਕਾਯਮ ਹੋ ਜਾਣ। ਫ਼ਿਰ ਰੱਬ ਦੇ, ਆਪਣੇ ਬੰਦੇ ਨਾਲ ਪਿਆਰ ਦੇ ਸਲੂਕ ਦੇ ਨਜ਼ਾਰੇ ਵੀ ਵੇਖਣਗੇ। ਸੋ, ਇਹ ਰਮਜ਼ਾਨ ਦੇ ਮਹੀਨਿਆਂ ਦੀ ਮਹਤੱਤਾ ਹੈ ਕਿ ਇਸ ਮਹੀਨੇ ਵਿੱਚ ਰੱਬ ਨੇ ਸੰਪੂਰਨ ਸ਼ਰੀਅਤ ਸਾਡੇ ਲਈ ਭੇਜੀ ਅਤੇ ਉਸ ਕਿਤਾਬ ਵਿੱਚ ਸਾਨੂੰ ਰੋਜ਼ਿਆਂ ਦੀ ਮਹਤੱਤਾ ਅਤੇ ਇਬਾਦਤਾਂ ਦੇ ਤਰੀਕੇ ਵੀ ਸਿਖਾਏ। ਜੱਦ ਤੱਕ ਅਸੀਂ ਇਸ ਸੰਪੂਰਨ ਹਦਾਯਤ ਬਾਰੇ ਸੂਝ ਬੂਝ ਪ੍ਰਾਪਤ ਨ ਕਰਨ ਅਤੇ ਫ਼ਿਰ ਉਸ ਨੂੰ ਆਪਣੀ ਜ਼ਿੰਦਗੀ ਦਾ ਐਜੰਡਾ ਨ ਬਣਾਉਣ, ਸਾਨੂੰ ਰਮਜ਼ਾਨ ਦੀ ਮਹਤੱਤਾ ਦਾ ਪਤਾ ਨਹੀਂ ਲੱਗਣਾ ਅਸੀਂ ਅਹਮਦੀ ਖ਼ੁਸ਼-ਕਿਸਮਤ ਹਨ ਕਿ ਇਸ ਬਾਰੇ ਸਾਨੂੰ ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਦੇ ਸੱਚੇ ਗ਼ੁਲਾਮ ਅਤੇ ਮਸੀਹ ਅਤੇ ਮਹਦੀ ਨੇ ਦੱਸਿਆ। ਇਸ ਲਈ ਸਾਨੂੰ ਆਪ ਅਲੈਹਿ ਸਲਾਮ ਦੀਆਂ ਕਿਤਾਬਾਂ ਅਤੇ ਤਫ਼ਸੀਰਾਂ

ਪੜ੍ਹਣ ਦੀ ਵੀ ਜ਼ਰੂਰਤ ਹੈ ਤਾਂ ਕਿ ਇਸ ਮਹਾਨ ਕਲਾਮ ਅਤੇ ਹਦਾਯਤ ਨੂੰ ਸਮਝ ਕੇ ਅਸੀਂ ਉਸ ਉੱਤੇ ਅਮਲ ਕਰ ਸਕੀਏ ।

ਹਜ਼ੂਰ ਨੇ ਫ਼ਰਮਾਇਆ : ਯੌਮੇ ਮਸੀਹ ਮੌਊਦ ਹੈ, ਜਿਸ ਵਿੱਚ ਅਸੀਂ ਬਹੁਤ ਪ੍ਰਬੰਧ ਨਾਲ ਜਲਸੇ ਆਦਿ ਵੀ ਕਰਦੇ ਹਨ, ਉਸ ਨੂੰ ਮਨਾਉਂਦੇ ਹਨ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਭਵਿੱਖਬਾਣੀ ਅਤੇ ਰੱਬ ਦੇ ਵਚਨ ਅਨੁਸਾਰ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਬਾਰੇ ਤਕਰੀਰਾਂ ਕਰਦੇ ਹਨ । ਪਰ ਕੇਵਲ ਇਸ ਹੱਦ ਤੱਕ ਈਮਾਨ ਦੀ ਤਰੱਕੀ ਕਾਫ਼ੀ ਨਹੀਂ । ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਜੋ ਕੁਰਆਨ ਸ਼ਰੀਫ਼ ਦੇ ਹਵਾਲੇ ਨਾਲ ਖ਼ਜ਼ਾਨਾ ਦਿੱਤਾ ਹੈ । ਉਸ ਨੂੰ ਪੜ੍ਹਣਾ, ਉਸ ਉੱਤੇ ਅਮਲ ਕਰਨਾ ਅਤੇ ਉਸ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਵੀ ਬਹੁਤ ਜ਼ਰੂਰੀ ਹੈ । ਜਿਸ ਤੋਂ ਬਿਨਾਂ ਸਾਡਾ ਈਮਾਨ ਸੰਪੂਰਨ ਨਹੀਂ ਹੋ ਸਕਦਾ । ਰਮਜ਼ਾਨ ਵਿੱਚ ਰੋਜ਼ੇ ਰੱਖਣ, ਫ਼ਰਜ਼ ਨਮਾਜ਼ਾਂ ਪੜ੍ਹਣ ਜਾਂ ਕੁੱਝ ਨਫ਼ਲ ਪੜ੍ਹ ਲੈਣ ਨਾਲ ਰਮਜ਼ਾਨ ਦਾ ਹੱਕ ਅਦਾ ਨਹੀਂ ਹੁੰਦਾ । ਸਗੋਂ ਕੁਰਆਨ ਸ਼ਰੀਫ਼ ਨੂੰ ਪੜ੍ਹਣ ਅਤੇ ਉਸ ਦੇ ਆਦੇਸ਼ ਲੱਭ ਕੇ ਉਸ ਉੱਤੇ ਅਮਲ ਕਰਨਾ ਵੀ ਬਹੁਤ ਜ਼ਰੂਰੀ ਹੈ ਅਤੇ ਇਹੀ ਗੱਲ੍ਹ ਰੱਬ ਦੀ ਸਿਫ਼ਤੇ ਰਹਮਾਨਿਅਤ (ਦਿਆਲੂ) ਅਤੇ ਸਿਫ਼ਤੇ ਰਹੀਮਿਅਤ (ਕਿਰਪਾਲੂ) ਦੇ ਜਲਵੇ ਤੋਂ ਸਾਨੂੰ ਫ਼ੈਜ਼ ਚੁੱਕਣ ਵਾਲਾ ਬਣਾਏਗੀ ਅਤੇ ਇਸ ਦੇ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਹੁਤ ਸਾਰੇ ਆਦੇਸ਼ ਅਤੇ ਲਿੱਖਤਾਂ ਨੂੰ ਪੜ੍ਹ ਕੇ ਅਤੇ ਉਹਨਾਂ ਉੱਤੇ ਅਮਲ ਕਰਕੇ ਅਸੀਂ ਹਕੀਕੀ ਰੰਗ ਵਿੱਚ ਕੁਰਆਨ ਸ਼ਰੀਫ਼ ਤੋਂ ਫ਼ੈਜ਼ ਚੁੱਕਣ ਵਾਲੇ ਬਣ ਸਕਦੇ ਹਾਂ ।

ਰਮਜ਼ਾਨ ਵਿੱਚ ਖ਼ਾਸ ਤੌਰ ਉੱਤੇ ਹਰ ਇੱਕ ਨੂੰ ਘੱਟੋ ਘੱਟ ਕੁਰਆਨ ਦਾ ਇੱਕ ਭਾਗ ਪ੍ਰਤੀਦਿਨ ਪੜ੍ਹਣਾ ਚਾਹੀਦਾ ਹੈ ਤਾਂ ਕਿ ਕੁਰਆਨ ਸ਼ਰੀਫ਼ ਦਾ ਇੱਕ ਦੌਰ ਮੁਕੰਮਲ ਹੋ ਜਾਵੇ । ਹਜ਼ਰਤ ਜਿਬਰਾਈਲ ਅਲੈਹਿ ਸਲਾਮ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਰਮਜ਼ਾਨ ਵਿੱਚ ਕੁਰਆਨ ਸ਼ਰੀਫ਼ ਦਾ ਇੱਕ ਦੌਰ ਮੁਕਮੰਲ ਕਰਵਾਉਂਦੇ ਸਨ ਅਤੇ ਅੰਤਿਮ ਸਾਲ ਵਿੱਚ ਕੁਰਆਨ ਸ਼ਰੀਫ਼ ਦੇ ਦੋ ਦੌਰ ਮੁਕਮੰਲ ਕਰਵਾਏ । ਸੋ, ਕੁਰਆਨ ਸ਼ਰੀਫ਼ ਦੀ ਤਿਲਾਵਤ ਦੀ ਮਹਤੱਤਾ ਨੂੰ ਹਰ ਇੱਕ ਨੂੰ ਆਪਣੇ ਸਾਮ੍ਹਣੇ ਰੱਖਣਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ شَهۡرُ رَمَضَانَ الَّذِیۡۤ اُنۡزِلَ فِیۡهِ الۡقُرۡاٰنُ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ ਕਿ ਇਹੀ ਇੱਕ ਕਥਨ ਹੈ ਜਿਸ ਨਾਲ ਰਮਜ਼ਾਨ ਦੇ ਮਹੀਨੇ ਦੀ ਸ਼ਾਨੋ ਸ਼ੌਕਤ ਪਤਾ ਲੱਗਦੀ ਹੈ । ਸੂਫ਼ਿਆ ਨੇ ਲਿੱਖਿਆ ਹੈ ਕਿ ਇਹ ਮਹੀਨਾ ਦਿੱਲ੍ਹ ਵਿੱਚ ਜੋਸ਼ ਪੈਦਾ ਕਰਨ ਲਈ ਚੰਗਾ ਮਹੀਨਾ ਹੈ । ਇਸ ਵਿੱਚ ਬਹੁਤ ਜ਼ਿਆਦਾ ਰੱਬੀ ਰਾਜ਼ਾਂ ਦੇ ਭੇਦ ਖੁੱਲ੍ਹਦੇ ਹਨ । ਨਮਾਜ਼ ਨਫ਼ਸ ਨੂੰ ਪਵਿੱਤਰ ਕਰਦੀ ਹੈ ਅਤੇ ਰੋਜ਼ਾ ਦਿੱਲ੍ਹ ਨੂੰ ਨੂਰ ਬਖ਼ਸ਼ਦਾ ਹੈ । ਫ਼ਿਰ ਫ਼ਰਮਾਉਂਦੇ ਹਨ ਕਿ ਮੈਂ ਕੁਰਆਨ ਦੇ ਸ਼ਬਦ ਉੱਤੇ ਗੌਰ ਕੀਤਾ । ਤੱਦ ਮੇਰੇ ਉੱਤੇ ਖੁੱਲ੍ਹਿਆ ਕਿ ਇਸ ਪਵਿੱਤਰ ਸ਼ਬਦ ਵਿੱਚ ਇੱਕ ਜ਼ਬਰਦਸਤ ਭਵਿੱਖਬਾਣੀ ਹੈ । ਉਹ ਇਹ ਹੈ ਕਿ ਇਹੀ ਕੁਰਆਨ ਅਰਥਾਤ ਪੜ੍ਹਣ ਯੋਗ ਕਿਤਾਬ ਹੈ ਅਤੇ ਇੱਕ ਜ਼ਮਾਨੇ ਵਿੱਚ ਹੋਰ ਕਿਤਾਬਾਂ ਵੀ ਪੜ੍ਹਣ ਵਿੱਚ ਉਸ ਦੇ ਨਾਲ ਜੋੜ੍ਹਿਆਂ ਜਾਣਗੀਆਂ...ਇਸ ਲਈ ਹੁਣ ਸਾਰੀਆਂ ਕਿਤਾਬਾਂ ਛੱਡ ਦਿਓ ਅਤੇ ਰਾਤ ਦਿਨ ਕਿਤਾਬੁੱਲਾਹ (ਅਰਥਾਤ ਕੁਰਆਨ ਸ਼ਰੀਫ਼) ਹੀ ਨੂੰ ਪੜ੍ਹੋ । ਸਾਡੀ ਜਮਾਅਤ ਨੂੰ ਚਾਹੀਦਾ ਹੈ ਕਿ ਕੁਰਆਨ ਕਰੀਮ ਉੱਤੇ ਵਿਚਾਰ ਕਰਨ ਲਈ ਜਾਨ-ਓ-ਦਿਲ੍ਹ ਨਾਲ ਲੱਗ ਜਾਏ ।

ਇਸ ਸਮੇਂ ਕੁਰਆਨ ਕਰੀਮ ਦਾ ਹਰਬਾ ਹੱਥ ਵਿੱਚ ਲਓ ਤਾਂ ਤੁਹਾਡੀ ਜਿੱਤ ਹੈ । ਇਸ ਨੂਰ ਦੇ ਅੱਗੇ ਕੋਈ ਹਨ੍ਹੇਰ ਨਹੀਂ ਠਹਿਰ ਸਕਦਾ । ਕਾਮਯਾਬ ਉਹੀ ਲੋਕ ਹੋਣਗੇ ਜੋ ਕੁਰਆਨ ਕਰੀਮ ਦੇ ਅਨੁਸਾਰੀ ਹੋਣਗੇ । ਕੁਰਆਨ

ਨੂੰ ਛੱਡ ਕੇ ਕਾਮਯਾਬੀ ਇੱਕ ਅਸੰਭਵ ਗੱਲ੍ਹ ਹੈ। ਸਹਾਬੀਆਂ ਦੇ ਨਮੂਨੇ ਆਪਣੇ ਸਾਮ੍ਹਣੇ ਰੱਖੋ। ਉਹਨਾਂ ਨੇ ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਪੈਰਵੀ ਕੀਤੀ ਅਤੇ ਦੀਨ ਨੂੰ ਦੁਨੀਆਂ ਉੱਤੇ ਪਹਿਲ ਦਿੱਤੀ ਤਾਂ ਉਹ ਸਾਰੇ ਵਚਨ ਜੋ ਰੱਬ ਨੇ ਉਹਨਾਂ ਨਾਲ ਕੀਤੇ ਸੀ, ਪੂਰੇ ਹੋ ਗਏ। ਫ਼ਰਮਾਇਆ ਕਿ ਜੱਦ ਤੱਕ ਮੁਸਲਮਾਨ, ਕੁਰਆਨ ਵੱਲ੍ਹ ਨਹੀਂ ਪਰਤਣਗੇ। ਉਹਨਾਂ ਵਿੱਚ ਉਹ ਈਮਾਨ ਪੈਦਾ ਨਹੀਂ ਹੋਵੇਗਾ। ਇਹ ਤੰਦਰੁਸਤ ਨਹੀਂ ਹੋਣਗੇ। ਮਾਣ ਸਤਿਕਾਰ ਅਤੇ ਤਰੱਕੀ ਉਸੇ ਰਾਹ ਤੋਂ ਆਵੇਗੀ, ਜਿਸ ਰਾਹ ਤੋਂ ਪਹਿਲਾਂ ਆਈ ਸੀ। ਸੋ, ਈਮਾਨ ਅਤੇ ਅਮਲ ਵਿੱਚ ਤਰੱਕੀ ਵੀ ਦੁਨੀਆਦਾਰਾਂ ਦੀ ਪੈਰਵੀ ਨਾਲ ਨਹੀਂ ਹੋਵੇਗੀ। ਸਗੋਂ ਕੁਰਆਨ ਸ਼ਰੀਫ਼ ਦੀ ਪੈਰਵੀ ਨਾਲ ਹੋਵੇਗੀ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ : ਜੋ ਵਿਅਕਤੀ ਸੱਚੇ ਦਿਲ੍ਹ ਨਾਲ ਰੱਬ ਉੱਤੇ ਈਮਾਨ ਲਿਆਉਂਦਾ ਹੈ ਅਤੇ ਉਸ ਦੀ ਪਾਕ ਕਿਤਾਬ ਉੱਤੇ ਅਮਲ ਕਰਦਾ ਹੈ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਆਗਿਆ ਦੀ ਪਾਲਣਾ ਕਰਦਾ ਹੈ ਤਾਂ ਰੱਬ ਉਸ ਨੂੰ ਅਥਾਹ ਬਰਕਤਾਂ ਵਿੱਚੋਂ ਹਿੱਸਾ ਦਿੰਦਾ ਹੈ। ਅਜਿਹੀ ਬਰਕਤਾਂ ਦਿੱਤੀਆਂ ਜਾਂਦੀਆਂ ਹਨ। ਜੋ ਇਸ ਦੁਨੀਆ ਦੀ ਨੈਅਮਤਾਂ ਨਾਲੋਂ ਬਹੁਤ ਹੀ ਵੱਧ ਹੁੰਦੀਆਂ ਹਨ। ਉਹਨਾਂ ਵਿੱਚੋਂ ਇੱਕ ਅਫ਼ਵੇ ਗੁਨਾਹ ਵੀ ਹੈ ਅਰਥਾਤ ਗੁਨਾਹ ਮੁਆਫ਼ ਹੋ ਜਾਂਦੇ ਹਨ। ਦੂਜੇ ਲੋਕ ਇਸ ਨੈਅਮਤ ਤੋਂ ਬਿਲਕੁੱਲ ਵਾਂਝੇ ਹਨ। ਫ਼ਰਮਾਇਆ : ਮੇਰੀ ਗੱਲ੍ਹਾਂ ਨੂੰ ਪੂਰੇ ਧਿਆਨ ਨਾਲ ਸੁਣੋ ਅਤੇ ਉਹਨਾਂ ਨੂੰ ਦਿਲ੍ਹ ਵਿੱਚ ਥਾਂ ਦਿਓ ਅਤੇ ਆਪਣੇ ਅਮਲ ਨਾਲ ਵਿਖਾਓ ਕਿ ਤੁਸੀਂ ਉਹਨਾਂ ਨੂੰ ਸਰਸਰੀ ਤੌਰ ਉੱਤੇ ਨਹੀਂ ਸੁਣਿਆ ਅਤੇ ਉਹਨਾਂ ਦਾ ਪ੍ਰਭਾਵ ਇਸੇ ਸਮੇਂ ਤੱਕ ਨਹੀਂ। ਸਗੋਂ ਡੂੰਗਾ ਪ੍ਰਭਾਵ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇੱਥੇ ਬਹਿ ਕੇ ਖ਼ੁਤਬਾ ਸੁਣਨ ਤੱਕ ਪ੍ਰਭਾਵ ਨ ਹੋਵੇ। ਸਗੋਂ ਬਾਦ ਵਿੱਚ ਵੀ ਉਸ ਉੱਤੇ ਅਮਲ ਹੋਵੇ ਅਤੇ ਅਮਲ ਇਹੀ ਹੈ ਕਿ ਕੁਰਆਨ ਸ਼ਰੀਫ਼ ਨੂੰ ਪੜ੍ਹਣ। ਰਮਜ਼ਾਨ ਵਿੱਚ ਉਸ ਦੀ ਆਦਤ ਪਾਉਣ। ਫ਼ਿਰ ਜ਼ਿੰਦਗੀ ਦਾ ਹਿੱਸਾ ਬਣਾਉਣ ਅਤੇ ਫ਼ਿਰ ਉਸ ਦੀ ਸਿੱਖਿਆ ਉੱਤੇ ਅਸੀਂ ਅਮਲ ਕਰਨ ਵਾਲੇ ਹੋਣ।

ਅਹਮਦੀਆਂ ਉੱਤੇ ਇਹ ਆਰੋਪ ਲਾਇਆ ਜਾਂਦਾ ਹੈ ਕਿ ਅਸੀਂ ਨਊਜ਼-ਬਿੱਲਾਹ ਕੁਰਆਨ ਸ਼ਰੀਫ਼ ਵਿੱਚ ਤਬਦੀਲੀਆਂ ਕਰਨ ਵਾਲੇ ਹਾਂ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਕਾਨੂੰਨ ਆਸਮਾਨੀ ਅਤੇ ਮੁਕਤੀ ਦਾ ਸਾਧਨ ਹੈ। ਜੇਕਰ ਅਸੀਂ ਉਸ ਵਿੱਚ ਤਬਦੀਲੀ ਕਰਨ ਤਾਂ ਇਹ ਬਹੁਤ ਹੀ ਵੱਡਾ ਗੁਨਾਹ ਹੈ। ਹੈਰਾਨੀ ਹੋਵੇਗੀ ਕਿ ਅਸੀਂ ਯਹੂਦੀਆਂ ਅਤੇ ਈਸਾਈਆਂ ਉੱਤੇ ਵੀ ਆਰੋਪ ਲਾਉਂਦੇ ਹਨ ਅਤੇ ਫ਼ਿਰ ਕੁਰਆਨ ਸ਼ਰੀਫ਼ ਲਈ ਉਹੀ ਠੀਕ ਮੰਨਦੇ ਹਨ। ਮੈਨੂੰ ਹੋਰ ਵੀ ਅਫ਼ਸੋਸ ਅਤੇ ਹੈਰਾਨੀ ਹੁੰਦੀ ਹੈ ਕਿ ਉਹ ਈਸਾਈ ਜਿੰਨ੍ਹਾਂ ਦੀਆਂ ਕਿਤਾਬਾਂ ਬਦਲੀਆਂ ਅਤੇ ਤਬਦੀਲ ਹੋਇਆ ਹਨ। ਉਹ ਤਾਂ ਕੋਸ਼ਿਸ਼ ਕਰਨ ਕਿ ਤਬਦੀਲੀ ਸਾਬਤ ਨ ਹੋਵੇ ਅਤੇ ਅਸੀਂ ਆਪ ਤਬਦੀਲੀ ਦੀ ਚਿੰਤਾ ਵਿੱਚ ਹਨ।

ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੁਬਾਰਕ ਉਹ ਜੋ ਰੱਬ ਲਈ ਆਪਣੇ ਨਫ਼ਸ ਨਾਲ ਜੰਗ ਕਰਦੇ ਹਨ ਅਤੇ ਅਭਾਗੇ ਉਹ ਜੋ ਆਪਣੇ ਨਫ਼ਸ ਲਈ ਰੱਬ ਤੋਂ ਜੰਗ ਕਰ ਰਹੇ ਹਨ ਅਤੇ ਉਸ ਦੀ ਗੱਲ੍ਹ ਨਹੀਂ ਮੰਨਦੇ। ਜੋ ਵਿਅਕਤੀ ਆਪਣੇ ਨਫ਼ਸ ਲਈ ਰੱਬ ਦੇ ਆਦੇਸ਼ ਨੂੰ ਟਾਲਦਾ ਹੈ। ਉਹ ਆਕਾਸ਼ ਵਿੱਚ ਕਦੇ ਵੀ ਦਾਖ਼ਲ ਨਹੀਂ ਹੋਵੇਗਾ ਸੋ, ਤੁਸੀਂ ਕੋਸ਼ਿਸ਼ ਕਰੋ। ਜੇ ਇੱਕ ਨੁਕਤਾ ਜਾਂ ਇੱਕ ਬਿੰਦੂ ਕੁਰਆਨ ਸ਼ਰੀਫ਼ ਦਾ ਤੁਹਾਡੇ ਉੱਤੇ ਗਵਾਹੀ ਨ ਦੇਵੇ ਤਾਂ ਤੁਸੀਂ ਉਸੇ ਲਈ ਪਕੜ੍ਹੇ ਨ ਜਾਓ। ਸਮੇਂ ਘੱਟ ਹੈ ਅਤੇ ਉਮਰ ਦਾ ਪਤਾ ਨਹੀਂ, ਤੇਜ਼ੀ ਨਾਲ ਪੈਰ ਪੁੱਟੋ, ਜੋ ਸ਼ਾਮ

ਨਜ਼ਦੀਕ ਹੈ, ਜੋ ਕੁੱਝ ਪੇਸ਼ ਕਰਨਾ ਹੈ ਉਹ ਵਾਰ ਵਾਰ ਵੇਖ ਲਓ। ਇੰਝ ਨ ਹੋਵੇ ਕਿ ਕੁੱਝ ਰਹਿ ਜਾਵੇ ਅਤੇ ਬਰਬਾਦ ਹੋਣ ਦਾ ਕਾਰਨ ਹੋਵੇ ਜਾਂ ਸਭ ਗੰਦਾ ਅਤੇ ਖੋਟਾ ਹੋਵੇ, ਜੋ ਸ਼ਾਹੀ ਦਰਬਾਰ ਵਿੱਚ ਪੇਸ਼ ਕਰਨ ਯੋਗ ਨ ਹੋਵੇ।

ਰੱਬ ਸਾਨੂੰ ਹਕੀਕੀ ਅਰਥਾਂ ਵਿੱਚ ਕੁਰਆਨ ਸ਼ਰੀਫ਼ ਦੀ ਸਿੱਖਿਆ ਨੂੰ ਸਮਝਣ ਅਤੇ ਉਸ ਉੱਤੇ ਅਮਲ ਕਰਨ ਦੀ ਤੌਫ਼ੀਕ ਬਖ਼ਸ਼ੇ। ਅਸੀਂ ਸਦਾ ਰੱਬ ਦਾ ਸ਼ੁਕਰ ਕਰਨ ਵਾਲੇ ਹੋਈਏ। ਅਸੀਂ ਕੇਵਲ ਰਮਜ਼ਾਨ ਵਿੱਚ ਨਹੀਂ। ਸਗੋਂ ਸਦਾ ਕੁਰਆਨੀ ਸਿੱਖਿਆ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਵਾਲੇ ਹੋਈਏ। ਜੱਦ ਇਹ ਹੋਵੇਗਾ ਤੱਦ ਹੀ ਅਸੀਂ ਕਹਿ ਸਕਾਂਗੇ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹੱਕ ਅਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਰੱਬ ਇਸ ਰਮਜ਼ਾਨ ਵਿੱਚ ਵੀ ਅਤੇ ਫ਼ਿਰ ਬਾਦ ਵਿੱਚ ਵੀ ਸਦਾ ਸਾਨੂੰ ਕੁਰਆਨ ਸ਼ਰੀਫ਼ ਦੀ ਸਿੱਖਿਆ ਤੋਂ ਫ਼ੈਜ਼ ਪਾਉਣ ਦੀ ਤੌਫ਼ੀਕ ਬਖ਼ਸ਼ਦਾ ਰਹੇ। ਆਮੀਨ

ਦੁਆਵਾਂ ਵਿੱਚ ਫ਼ਲਸਤੀਨੀਆਂ ਨੂੰ ਵੀ ਯਾਦ ਰੱਖੋ। ਜੰਗ ਤੋਂ ਬਿਨਾਂ ਭੁੱਖ ਅਤੇ ਬਿਮਾਰੀ ਨਾਲ ਹੁਣ ਬੱਚੇ ਅਤੇ ਮਾਸੂਮਾਂ ਦੀਆਂ ਜਾਨਾਂ ਜਾ ਰਹੀਆਂ ਹਨ। ਹੁਣ ਤਾਂ ਯੂ.ਐਨ ਦੇ ਵਿਭਾਗ ਵੀ ਇਹ ਕਹਿਣ ਲੱਗ ਗਏ ਹਨ ਕਿ ਇਹ ਮਨੁੱਖ ਦਾ ਪੈਦਾ ਕੀਤਾ ਅਕਾਲ ਅਤੇ ਭੁੱਖ ਹੈ, ਆਫ਼ਤ ਹੈ। ਜੋ ਇਸਰਾਈਲੀ ਹਕੂਮਤ ਦੀ ਸਖ਼ਤੀ ਅਤੇ ਢਿੱਠਾਈ ਕਰਕੇ ਪੈਦਾ ਹੋ ਰਹੀ ਹੈ। ਜੇਕਰ ਰਾਹ ਖੁੱਲ੍ਹ ਜਾਵੇ ਅਤੇ ਮਦਦ ਜਲਦੀ ਪਹੁੰਚ ਜਾਵੇ ਤਾਂ ਹਾਲੇ ਵੀ ਸੁਧਾਰ ਆ ਸਕਦਾ ਹੈ। ਇੰਝ ਹੀ ਸੂਡਾਨ ਦੇ ਲੋਕਾਂ ਲਈ ਵੀ ਦੁਆ ਕਰੋ। ਰੱਬ ਇਹਨਾਂ ਲੀਡਰਾਂ ਅਤੇ ਤਾਕਤਵਰ ਲੋਕਾਂ ਨੂੰ ਅਕਲ ਦੇਵੇ ਉੱਥੇ ਵੀ ਭੁੱਖ ਅਤੇ ਬਿਮਾਰੀ ਨਾਲ ਮਰ ਰਹੇ ਹਨ ਅਤੇ ਆਪਣੇ ਹੀ ਲੋਕ ਆਪਣੇ ਸਵਦੇਸ਼ੀਆਂ ਉੱਤੇ ਜ਼ੁਲਮ ਕਰ ਰਹੇ ਹਨ। ਇਹ ਸਭ ਇਸ ਲਈ ਕਿ ਖ਼ਵਾਹਿਸ਼ਾਂ ਹਨ ਅਤੇ ਕੁਰਆਨੀ ਸਿੱਖਿਆਵਾਂ ਨੂੰ ਭੁੱਲ ਗਏ ਹਨ ਅਤੇ ਜੋ ਰੱਬ ਵੱਲੋਂ ਇਸ ਜ਼ਮਾਨੇ ਵਿੱਚ ਭੇਜਾ ਗਿਆ ਹੈ। ਉਸ ਨੂੰ ਮੰਨਣ ਤੋਂ ਇੰਨਕਾਰ ਕਰ ਰਹੇ ਹਨ। ਇੰਝ ਹੀ ਬਹੁਤ ਸਾਰੇ ਦੂਜੇ ਮੁਸਲਮਾਨ ਦੇਸ਼ਾਂ ਦਾ ਹਾਲ ਹੈ। ਉੱਥੇ ਵੀ ਕਾਫ਼ੀ ਦੁੱਖਦਾਈ ਹਾਲਾਤ ਹਨ। ਹਕੂਮਤਾਂ ਆਪਣੇ ਲੋਕਾਂ ਉੱਤੇ ਜ਼ੁਲਮ ਕਰ ਰਹੀਆਂ ਹਨ। ਆਪਸ ਵਿੱਚ ਲੋਕ ਲੜ੍ਹ ਰਹੇ ਹਨ। ਰੱਬ ਉਹਨਾਂ ਉੱਤੇ ਰਹਿਮ ਕਰੇ। ਪਾਕਿਸਤਾਨ ਦੇ ਸਾਡੇ ਅਹਮਦੀ ਜੋ ਰੱਬ ਦੀ ਰਾਹ ਵਿੱਚ ਕੈਦ ਹੋਏ ਹਨ। ਉਹਨਾਂ ਲਈ ਦੁਆ ਕਰੋ। ਯਮਨ ਦੇ ਅਹਮਦੀ ਜੋ ਰੱਬ ਦੀ ਰਾਹ ਵਿੱਚ ਕੈਦ ਹੋਏ ਹਨ। ਉਹਨਾਂ ਲਈ ਵੀ ਦੁਆ ਕਰੋ। ਪਾਕਿਸਤਾਨ ਦੇ ਆਮ ਹਾਲਾਤਾਂ ਲਈ ਵੀ ਦੁਆ ਕਰੋ। ਰੱਬ ਅਹਮਦੀਆਂ ਨੂੰ ਸੁਰੱਖਿਅਤ ਰੱਖੇ। ਆਮੀਨ

ਹਜ਼ੂਰੇ ਅਨਵਰ ਨੇ ਅੰਤ ਵਿੱਚ ਸ਼੍ਰੀਮਾਨ ਡਾਕਟਰ ਜ਼ਹੀਰ-ਉੱਦ-ਦੀਨ ਮਨਸੂਰ ਅਹਮਦ ਸਾਹਿਬ ਆਫ਼ ਅਮਰੀਕਾ (ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਲ-ਅੱਵਲ ਰਜ਼ੀ ਅੱਲਾਹ ਅੰਨਹੁ ਦੇ ਪੜ੍ਹ-ਦੋਹਤਰੇ ਅਤੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਦੇ ਦੋਹਤਰੇ ਸਨ), ਸ਼੍ਰੀਮਾਨ ਹਸਨ ਆਬਿਦੀਨ ਆਗ਼ਾ ਸਾਹਿਬ ਆਫ਼ ਕਨੈਡਾ, ਸ਼੍ਰੀਮਾਨ ਉਸਮਾਨ ਹੁਸੈਨ ਮੁਹਮੱਦ ਖ਼ੈਰ ਸਾਹਿਬ ਆਫ਼ ਸਊਦੀ ਅਰਬ, ਸ਼੍ਰੀਮਾਨ ਮੁਹਮੱਦ ਜ਼ਹਰਾਬੀ ਸਾਹਿਬ ਆਫ਼ ਅਲ-ਜਜ਼ਾਇਰ, ਸ਼੍ਰੀਮਾਨ ਸਈਦ ਅਹਮਦ ਵੜੈਚ ਸਾਹਿਬ ਆਫ਼ ਰਬਵਹ ਅਤੇ ਸ਼੍ਰੀਮਾਨ ਸ਼ਹਬਾਜ਼ ਗੋਨਦਲ ਸਾਹਿਬ ਆਫ਼ ਹਾਲੈਂਡ ਦੇ ਸਵਰਗਵਾਸ ਉੱਤੇ ਉਹਨਾਂ ਦੀ ਜਮਾਅਤੀ ਸੇਵਾਵਾਂ ਦਾ ਜ਼ਿਕਰ ਕਰਨ ਦੇ ਬਾਦ ਉਹਨਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਵੀ ਕੀਤਾ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔